بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 15.04.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਦੁਨੀਆ ਦੇ ਹਰ ਦੇਸ਼ ਵਿੱਚ ਜਤਨ ਹੋਣਾ ਚਾਹੀਦਾ ਹੈ ਕਿ ਮਸਜਿਦਾਂ ਨੂੰ ਵਸਾਇਆ ਜਾਵੇ, ਵਿਸ਼ੇਸ਼ ਰੂਪ ਵਿੱਚ ਜੇਕਰ ਅਹੁਦੇਦਾਰ, ਜਮਾਤੀ ਮੁਲਾਜ਼ਮ ਅਤੇ ਜੀਵਨ ਵਕਫ਼ ਕਰਨੇ ਵਾਲੇ ਇਸ ਵੱਲ ਵਿਸ਼ੇਸ਼ ਧਿਆਨ ਦੇਣ ਤਾਂ ਨਮਾਜ਼ਾਂ ਦੀ ਹਾਜ਼ਰੀ ਬਹੁਤ ਬਿਹਤਰ ਹੋ ਸਕਦੀ ਹੈ ।**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 15 ਅਪ੍ਰੈਲ 2016 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ।**

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਕੁਰਆਨ ਕਰੀਮ ਵਿੱਚ ਨਮਾਜ਼ਾਂ ਦੀ ਅਦਾਇਗੀ ਬਾਰੇ ਧਿਆਨ ਦੁਆਇਆ ਗਿਆ ਹੈ ਕਿਤੇ ਨਮਾਜ਼ਾਂ ਦੀ ਸੁਰੱਖਿਆ ਦਾ ਹੁਕਮ ਹੈ, ਕਿਤੇ ਇਸ ਵਿੱਚ ਨਿਰੰਤਰਤਾ ਅਪਨਾਉਣ ਦਾ ਹੁਕਮ ਹੈ, ਕਿਤੇ ਇਸ ਨੂੰ ਸਮੇਂ ਸਿਰ ਪੜ੍ਹਨ ਦਾ ਹੁਕਮ ਹੈ ਅਤੇ ਫਿਰ ਇਸ ਦੇ ਪੜ੍ਹਨ ਦੇ ਸਮੇਂ ਵੀ ਦੱਸੇ ਹਨ ਕਿ ਨਮਾਜ਼ ਦੀ ਅਦਾਇਗੀ ਲਈ ਵੱਖ ਵੱਖ ਸਮੇਂ ਹਨ ਜਿੰਨ੍ਹਾ'ਤੇ ਮੋਮਿਨ ਨੂੰ ਅਮਲ ਕਰਨਾ ਚਾਹੀਦਾ ਹੈ ਉਸ ਦੀ ਪਾਬੰਦੀ ਕਰਨੀ ਚਾਹੀਦੀ ਹੈ । ਭਾਵ ਨਮਾਜ਼ਾਂ ਦੀ ਅਦਾਇਗੀ ਅਤੇ ਉਸ ਦੀ ਮਹਾਨਤਾ ਬਾਰੇ ਰੱਬ ਨੇ ਵਾਰ ਵਾਰ ਇਕ ਮੋਮਿਨ ਨੂੰ ਤਲਕੀਨ ਕੀਤੀ ਹੈ ਅਤੇ ਸਭ ਤੋਂ ਵੱਧ ਕੇ ਇਹ ਫਰਮਾਇਆ ਕਿ ਮਾਨਵ ਉਤਪੱਤੀ ਦਾ ਮਨੋਰਥ ਹੀ ਇਬਾਦਤ ਹੈ, ਜਿਵੇਂ ਕਿ ਰੱਬ ਫ਼ਰਮਾਉਂਦਾ ਹੈ :

ਵਮਾ ਖ਼ਲਕਤੁਲ ਜਿਨੱਾ ਵਲ ਇਨਸਾ ਇਲੱਾ ਲਿਯਾਬੁਦੂਨ" ( وَمَا خَلَقۡتُ الۡجِنَّ وَالۡاِنۡسَ اِلَّا لِیَعۡبُدُوۡنِ ) ਕਿ ਜਿਨ ਤੇ ਇੰਸ ਦੀ ਉਤਪੱਤੀ ਦਾ ਮਨੋਰਥ ਹੀ ਇਬਾਦਤ ਹੈ ਪਰ ਮਨੁੱਖ ਇਸ ਮਨੋਰਥ (ਮੰਤਵ) ਨੂੰ ਪਛਾਣਦਾ ਨਹੀਂ ਅਤੇ ਉਸ ਤੋਂ ਦੂਰ ਹੱਟਿਆ ਹੋਇਆ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਅਲੱਾਹ ਤਆਲਾ ਨੇ ਤੁਹਾਡੀ ਪੈਦਾਇਸ਼ ਦਾ ਮੂਲ ਮੰਤਵ ਇਹ ਰੱਖਿਆ ਹੈ ਕਿ ਤੁਸੀਂ ਰੱਬ ਦੀ ਇਬਾਦਤ ਕਰੋ ਪਰ ਜੋ ਲੋਕ ਇਸ ਮੂਲ ਮੰਤਵ ਨੂੰ ਛਡੱਕੇ ਪਸ਼ੂਆਂ ਵਾਂਗ ਜੀਵਨ ਦਾ ਮੰਤਵ ਕੇਵਲ ਖਾਣਾ ਪੀਣਾ ਤੇ ਸੁੱਤੇ ਰਹਿਣਾ ਸਮਝਦੇ ਹਨ ਉਹ ਰੱਬ ਦੀ ਮਿਹਰ ਤੋਂ ਦੂਰ ਜਾ ਪੈਂਦੇ ਹਨ ਅਤੇ ਰੱਬ ਦੀ ਜ਼ਿੰਮੇਦਾਰੀ ਉਹਨਾ ਲਈ ਨਹੀਂ ਰਹਿੰਦੀ । ਹਜ਼ੂਰ ਨੇ ਫ਼ਰਮਾਇਆ : ਸੋ ਇਹ ਮੰਤਵ ਹੈ, ਜੋ ਇਕ ਈਮਾਨ ਦਾ ਦਾਵਾ ਕਰਨ ਵਾਲੇ ਨੂੰ ਆਪਣੇ ਸਾਰਿਆਂ ਜਤਨਾਂ ਨਾਲ, ਪੂਰੇ ਧਿਆਨ ਨਾਲ ਭਰਪੂਰ ਜਤਨ ਕਰਨਾ ਚਾਹੀਦਾ ਹੈ ਤਾਂ ਜੋ ਰੱਬ ਦੀ ਮਿਹਰ ਦਾ ਵਾਰਸ ਬਣਿਆ ਰਹੇ ਰੱਬ ਦੀਆਂ ਮਿਹਰਾਂ ਨੂੰ ਹਾਸਲ ਕਰਦਾ ਰਹੇ ਅਤੇ ਇਬਾਦਤ ਦਾ ਮਨੋਰਥ ਕਿਵੇਂ ਪੂਰਾ ਹੁੰਦਾ ਹੈ? ਇਸ ਲਈ ਇਸਲਾਮ ਨੇ ਸਾਨੂੰ ਪੰਜ ਵੇਲੇ ਦੀ ਨਮਾਜ਼ਾਂ ਦੀ ਅਦਾਇਗੀ ਦਾ ਹੁਕਮ ਦਿੱਤਾ ਹੈ । ਹਦੀਸ ਵਿੱਚ ਹੈ ਕਿ ਨਮਾਜ਼ ਇਬਾਦਤ ਦਾ ਮਗ਼ਜ਼ (ਕੇਂਦਰ ਬਿੰਦੂ ਜਾਂ ਬੀਜ) ਹੈ ਸੋ, ਇਸ ਮਗ਼ਜ਼ ਨੂੰ ਹਾਸਲ ਕਰਕੇ ਹੀ ਅਸੀਂ ਇਬਾਦਤ ਦਾ ਮਨੋਰਥ ਪੂਰਾ ਕਰ ਸਕਦੇ ਹਾਂ । ਹਜ਼ੂਰ ਅਨਵਰ ਨੇ ਫ਼ਰਮਾਇਆ : ਲੋਕਲ ਲੋਕਾਂ ਨੂੰ

ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਆਪਣੇ ਨਮਾਜ਼ ਸੈਂਟਰਾਂ (ਮਸਜਿਦ) ਵਿੱਚ ਬਕਾਇਦਗੀ ਨਾਲ ਨਮਾਜ਼ ਦੀ ਅਦਾਇਗੀ ਲਈ ਜਾਇਆ ਕਰਨ ਵਿਸ਼ੇਸ਼ ਰੂਪ ਵਿੱਚ ਫ਼ਜਰ ਦੀ ਨਮਾਜ਼ ਦੀ ਅਦਾਇਗੀ ਲਈ ਅਤੇ ਕੇਵਲ ਏਥੇ ਨਹੀਂ ਸਗੋਂ ਦੁਨੀਆ ਦੇ ਹਰ ਦੇਸ਼ ਵਿੱਚ ਇਸ ਬਾਰੇ ਜਤਨ ਹੋਣਾ ਚਾਹੀਦਾ ਹੈ ਕਿ ਮਸਜਿਦਾਂ ਨੂੰ ਵਸਾਓ । ਵਿਸ਼ੇਸ਼ ਰੂਪ ਵਿੱਚ ਅਹੁਦੇਦਾਰ, ਜਮਾਤੀ ਮੁਲਾਜ਼ਮ ਅਤੇ ਜੀਵਨ ਵਕਫ਼ ਕਰਨ ਵਾਲੇ ਇਸ ਵੱਲ ਧਿਆਨ ਦੇਣ ਤਾਂ ਨਮਾਜ਼ਾਂ ਦੀ ਹਾਜ਼ਰੀ ਬਹੁਤ ਬਿਹਤਰ ਹੋ ਸਕਦੀ ਹੈ । ਨਮਾਜ਼ਾਂ ਨੂੰ ਬਕਾਇਦਾ ਨੀਯਮਤ ਢੰਗ ਨਾਲ ਪੜ੍ਹਨ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਨਮਾਜ਼ਾਂ ਨੂੰ ਬਕਾਇਦਾ ਨੀਯਮਤ ਢੰਗ ਨਾਲ ਪੜ੍ਹੋ । ਕਈ ਲੋਕ ਕੇਵਲ ਇਕ ਹੀ ਨਮਾਜ਼ ਪੜ੍ਹ ਲੈਂਦੇ ਹਨ ਉਹ ਚੇਤੇ ਰਖੱਣ ਕਿ ਨਮਾਜ਼ਾਂ ਮੁਆਫ਼ ਨਹੀਂ ਹੁੰਦੀਆਂ ਇੱਥੋਂ ਤੱਕ ਕਿ ਪੈਗ਼ੰਬਰਾਂ ਤੱਕ ਨੂੰ ਮੁਆਫ਼ ਨਹੀਂ ਹੋਈਆਂ । ਇਕ ਹਦੀਸ ਵਿੱਚ ਆਇਆ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਕੋਲ ਇਕ ਇਕ ਨਵੀਂ ਜਮਾਤ ਆਈ, ਉਹਨਾਂ ਨੇ ਨਮਾਜ਼ਾਂ ਦੀ ਮੁਆਫ਼ੀ ਚਾਹੀ ਕਿ ਸਾਡੇ ਰੁਝੇਵੇਂ ਹਨ ਕੰਮ ਅਧਿਕ ਹੈ ਸਾਨੂੰ ਨਮਾਜ਼ ਮੁਆਫ਼ ਕਰ ਦਿਓ । ਆਪ ਨੇ ਫ਼ਰਮਾਇਆ ਕਿ ਜਿਸ ਧਰਮ ਵਿੱਚ ਅਮਲ ਨਹੀਂ ਉਹ ਧਰਮ ਕੁਝ ਨਹੀਂ ਇਸ ਲਈ ਇਸ ਗੱਲ ਨੂੰ ਚੰਗੀ ਤਰ੍ਹਾਂ ਚੇਤੇ ਰੱਖੋ ਅਤੇ ਰੱਬ ਦੇ ਅਦੇਸ਼ਾਂ ਅਨੁਸਾਰ ਆਪਣੇ ਅਮਲ ਕਰ ਲਓ ।

ਰੱਬ ਦੀ ਮਿਹਰ ਅਸਲ ਚੀਜ਼ ਹੈ । ਇਹ ਵਿਚਾਰ ਗ਼ਲਤ ਹੈ ਕਿ ਸਵਾਸਥ ਹੈ ਤਾਂ ਸਭ ਕੁਝ ਹੈ । ਜਾਂ ਫ਼ਲਾਣਾ ਕੰਮ ਕਰਨ ਨਾਲ ਸਵਾਸਥ ਬਣਿਆਂ ਰਹੇਗਾ । ਜਾਂ ਰੋਗੀ ਹੋਵਾਂਗਾ ਤਾਂ ਫ਼ਲਾਣੀ ਦਵਾਈ ਲੈਕੇ ਠੀਕ ਹੋ ਜਾਵਾਂਗਾ । ਇਹ ਸਾਰੀਆਂ ਚੀਜ਼ਾਂ ਰੱਬ ਦੇ ਹੁਕਮਾਂ ਨਾਲ ਚਲਦੀਆਂ ਹਨ ਅਤੇ ਰੱਬ ਦਾ ਹੁਕਮ ਜੇਕਰ ਨਹੀਂ ਹੋਵੇਗਾ ਤਾਂ ਸਭ ਬੇਕਾਰ ਹਨ । ਸੋ, ਜਿਸ ਹੁਕਮ ਨਾਲ ਇਹ ਸਾਰੀਆਂ ਚੀਜਾਂ ਚੱਲ ਰਹੀਆਂ ਹਨ ਉਸ ਦੇ ਅੱਗੇ ਸਾਨੂੰ ਝੁਕਣ ਦੀ ਲੋੜ ਹੈ ਉਸ ਦੀ ਇਬਾਦਤ ਦੀ ਲੋੜ ਹੈ । ਓਸ ਨਾਲ ਸੰਬੰਧ ਪੈਦਾ ਕਰਨ ਦੀ ਲੋੜ ਹੈ । ਸੋ, ਨਮਾਜ਼ਾਂ ਜਿੱਥੇ ਪੈਦਾਇਸ਼ ਦੇ ਮੰਤਵ ਨੂੰ ਪੂਰਾ ਕਰਨ ਲਈ ਜ਼ਰੂਰੀ ਹਨ ਓਥੇ ਸਾਨੂੰ ਆਫਤਾਂ, ਮੁਸੀਬਤਾਂ ਤੇ ਔਕੁੜਾਂ ਤੋਂ ਵੀ ਬਚਾਉਂਦੀਆਂ ਹਨ ਕਿਉਂਕਿ ਬਹੁਤ ਸਾਰੇ ਕੰਮ ਅਜਿਹੇ ਹੁੰਦੇ ਹਨ ਜੋ ਵੇਖਣ ਨੂੰ ਅਸੰਭਵ ਹੁੰਦੇ ਹਨ ਪਰ ਰੱਬ ਨਾਲ ਸੰਬੰਧ ਹੋਵੇ ਤਾਂ ਉਹ ਸੰਭਵ ਹੋ ਜਾਂਦੇ ਹਨ । ਸੋ, ਜੋ ਕੁਝ ਹੁੰਦਾ ਹੈ ਰੱਬ ਦੇ ਆਦੇਸ਼ ਅਨੁਸਾਰ ਹੁੰਦਾ ਹੈ । ਇਸ ਲਈ ਰੱਬ ਦੀਆਂ ਮਿਹਰਾਂ ਨੂੰ ਸਮੇਟਣ ਲਈ ਵੱਧ ਤੋਂ ਵੱਧ ਜਤਨ ਕਰਨਾ ਚਾਹੀਦਾ ਹੈ । ਹਜ਼ਰਤ ਮਸੀਹ ਮੌਊਦਅਲੈਹਿ ਸਲਾਮ ਫ਼ਰਮਾਉਂਦੇ ਹਨ : ਚੰਗੀ ਤਰ੍ਹਾਂ ਚੇਤਾ ਰੱਖੋ ਕਿ ਰੱਬ ਨੂੰ ਛੱਡਕੇ ਦਵਾਈ ਤੇ ਤਦਬੀਰਾਂ ਉਪੱਰ ਭਰੋਸਾ ਕਰਨਾ ਮੂਰਖਤਾ ਹੈ । ਆਪਣੇ ਜੀਵਨ ਵਿੱਚ ਅਜਿਹੀ ਤਬਦੀਲੀ ਪੈਦਾ ਕਰ ਲਓ ਕਿ ਮਾਲੂਮ ਹੋਵੇ ਕਿ ਸੰਭਵਤਾ ਨਵਾਂ ਜੀਵਨ ਹੈ । 'ਇਸਤਗ਼ਫ਼ਾਰ' ਦੀ ਅਧਿਕਤਾ ਕਰੋ, ਜਿੰਨ੍ਹਾ ਲੋਕਾਂ ਨੂੰ ਸੰਸਾਰਕ ਕੰਮਾ ਦੇ ਰੁਝੇਵਿਆਂ ਕਰਕੇ ਬਹੁਤ ਘੱਟ ਵਿਹਲ ਹੈ ਉਹਨਾਂ ਨੂੰ ਸਾਰਿਆਂ ਤੋਂ ਅਧਿਕ ਡਰਨਾ ਚਾਹੀਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਕੇਵਲ ਨਮਾਜ਼ਾਂ ਹੀ ਨਹੀਂ ਸਗੋਂ ਇਸ ਤੋਂ ਵੀ ਵੱਧਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਾਡੇ ਕੋਲੋਂ ਆਸ ਰਖੱਦੇ ਹਨ ਅਤੇ ਇਸ ਬਾਰੇ ਨਫ਼ਲਾਂ ਅਤੇ ਤਹਜੁੱਦ ਵੱਲ ਧਿਆਨ ਦੁਆਉਂਦਿਆ ਹੋਇਆਂ ਆਪ ਫ਼ਰਮਾਉਂਦੇ ਹਨ ਕਿ ਇਸ ਜੀਵਨ ਦੇ ਸਾਰੇ ਸਾਹ ਜੇਕਰ ਦੁਨੀਆ ਕਮਾਉਣ ਵਿੱਚ ਲੰਘ ਗਏ ਤਾਂ ਆਖ਼ਰਤ (ਪਰਲੈ) ਲਈ ਕੀ ਜਮਾ (ਭੰਡਾਰਨ) ਕੀਤਾ ? ਜੇਕਰ ਸਾਰਾ ਸਮਾਂ, ਹਰ ਸਾਹ, ਹਰ ਪਲ ਇਨਸਾਨ ਨੇ ਦੁਨੀਆ ਕਮਾਉਣ ਵਿੱਚ ਲਾ ਦਿਤੱਾ ਤਾਂ ਆਖ਼ਰਤ ਲਈ ਕੀ ਜਮਾ ਕੀਤਾ । ਫ਼ਰਮਾਇਆ ਕਿ ਤਹਜੁੱਦ ਵਿੱਚ ਵਿਸ਼ੇਸ਼ ਰੂਪ ਵਿੱਚ ਉੱਠੋ ਅਤੇ ਜ਼ੌਕ ਤੇ ਸ਼ੌਕ ਨਾਲ ਉਸ ਨੂੰ ਪੂਰਾ ਕਰੋ । ਵਿਚਕਾਰਲੀਆਂ ਨਮਾਜ਼ਾਂ ਵਿੱਚ ਮੁਲਾਜ਼ਮਤ ਕਰਕੇ ਔਖੀ ਘੜੀ (ਅਜ਼ਮਾਇਸ਼) ਆ ਜਾਂਦੀ ਹੈ । ਫ਼ਰਮਾਇਆ ਰਾਜ਼ਕ (ਰੋਜ਼ੀ ਦਹਿੰਦ) ਰੱਬ ਹੈ । ਨਮਾਜ਼ ਆਪਣੇ ਸਮੇਂ ਸਿਰ ਪੜ੍ਹਨੀ ਚਾਹੀਦੀ ਹੈ । ਜ਼ੁਹਰ ਤੇ ਅਸਰ ਵੀ ਕਦੇ ਕਦੇ ਜਮਾ ਹੋ ਸਕਦੀ ਹੈ । ਰੱਬ ਜਾਣਦਾ ਸੀ ਕਿ ਕਮਜ਼ੋਰ ਲੋਕ ਹੋਣਗੇ ਇਸ ਲਈ ਇਹ ਗੁੰਜਾਇਸ਼ ਰੱਖ ਦਿੱਤੀ ਪਰ ਇਹ ਗੁੰਜਾਇਸ਼ ਤਿੰਨ ਨਮਾਜ਼ਾਂ ਨੂੰ ਜਮਾ ਕਰਨ ਵਿੱਚ ਨਹੀਂ ਹੋ ਸਕਦੀ । ਜੱਦ ਕਿ ਮੁਲਾਜ਼ਮਤ ਵਿੱਚ ਅਤੇ ਕਈ ਕੰਮਾਂ ਵਿੱਚ ਲੋਕ ਦੰਡ ਪਾਉਂਦੇ ਹਨ ਅਤੇ ਜ਼ੁਲਮ ਦੇ ਪਾਤਰ ਹੁੰਦੇ ਹਨ, ਫਿਰ ਜੇਕਰ ਰੱਬ ਖ਼ਾਤਰ ਕਸ਼ਟ ਝਲੱਣ ਤਾਂ ਕਿੰਨ੍ਹਾ ਭਲਾ ਹੈ । ਹਜ਼ਰਤ ਮਸੀਹ ਮੌਊਦ

ਅਲੈਹਿ ਸਲਾਮ ਨੇ ਫ਼ਰਮਾਇਆ ਕਿ ਨਮਾਜ਼ ਕੀ ਹੈ ? ਇਹ ਇਕ ਵਿਸ਼ੇਸ਼ ਦੁਆ ਹੈ ਪਰ ਜੋ ਲੋਕ ਇਸ ਨੂੰ ਬਾਦਸ਼ਾਹਾਂ ਦਾ ਟੈਕਸ ਸਮਝਦੇ ਹਨ ਅਰਥਾਤ ਮਜਬੂਰੀ ਨਾਲ ਦੇ ਰਹੇ ਹਨ, ਪੂਰਾ ਕਰ ਰਹੇ ਹਨ ਸੰਭਵਤਾ ਇਹ ਇਕ ਟੈਕਸ ਲਗਾਂ ਹੋਇਆ ਹੈ । ਨਾਦਾਨ ਹਨ ਐਨ੍ਹਾ ਨਹੀਂ ਜਾਣਦੇ ਕਿ ਭਲਾ ਰੱਬ ਨੂੰ ਇਹਨਾਂ ਗੱਲਾਂ ਦੀ ਕੀ ਲੋੜ ਹੈ ਉਸ ਸਰਬਵਿਆਪਕ ਨੂੰ ਇਸ ਗੱਲ ਦੀ ਕੀ ਲੋੜ ਹੈ ਕਿ ਮਨੁੱਖ ਦੁਆ ਅਤੇ ਵਿਲੀਨਤਾਂ ਵਿੱਚ ਮਗਨ ਰਹੇ ਸਗੋਂ ਇਸ ਵਿੱਚ ਮਨੁੱਖ ਦਾ ਆਪਣਾ ਹੀ ਲਾਭ ਹੈ ਕਿ ਉਹ ਇਸ ਢੰਗ ਨਾਲ ਆਪਣੇ ਮਨੋਰਥ ਨੂੰ ਪਹੁੰਚਦਾ ਹੈ । ਚੰਗੀ ਤਰ੍ਹਾਂ ਸਮਝ ਲਓ ਕਿ ਇਬਾਦਤ ਕੋਈ ਬੋਝ ਅਤੇ ਟੈਕਸ ਨਹੀਂ ਇਸ ਵਿੱਚ ਇਕ ਆਨੰਦ ਅਤੇ ਸਰੂਰ ਹੈ ਅਤੇ ਇਹ ਆਨੰਦ ਅਤੇ ਸਰੂਰ ਦੁਨੀਆਂ ਦੇ ਸਾਰਿਆਂ ਆਨੰਦਾ ਤੋਂ ਵੱਧਕੇ ਤੇ ਸਾਰਿਆਂ ਸਾਹਾਂ ਤੋਂ ਵਧੱਕੇ ਹੈ । ਜਿਵੇ ਕਿ ਇਕ ਰੋਗੀ ਨੂੰ ਕਿਸੇ ਚੰਗੀ ਤੋਂ ਚੰਗੀ ਸੁਆਦਲੀ ਚੀਜ਼ ਦੇ ਆਨੰਦ ਤੋਂ ਵਾਂਜਿਆ ਹੁੰਦਾ ਹੈ ਇਸੇ ਪ੍ਰਕਾਰ ਹਾਂ ਠੀਕ ਇਸੇ ਤਰ੍ਹਾਂ ਉਹ ਕਮਬਖ਼ਤ ਇਨਸਾਨ ਹੈ ਜੋ ਇਲਾਹੀ ਇਬਾਦਤ ਤੋਂ ਆਨੰਦ ਨਹੀਂ ਉਠਾ ਸਕਦਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜੇਕਰ ਇਕ ਰੋਗੀ ਇਕ ਚੰਗੀ ਗ਼ਜ਼ਾ ਆਪਣੇ ਰੋਗ ਕਰਕੇ, ਮੂੰਹ ਕੌੜਾ ਹੋਣ ਕਰਕੇ ਉਸ ਨੂੰ ਚੰਗੀ ਨਹੀਂ ਲਗਦੀ ਉਸਦਾ ਸੁਆਦ ਅਨੁਭਵ ਨਹੀਂ ਹੁੰਦਾ ਇਸ ਦਾ ਅਰਥ ਇਹ ਨਹੀਂ ਕਿ ਖਾਣਾ ਖ਼ਰਾਬ ਹੈ । ਇਸ ਦਾ ਅਰਥ ਇਹ ਹੈ ਕਿ ਉਹ ਰੋਗੀ ਹੈ । ਇਸੇ ਪ੍ਰਕਾਰ ਜੋ ਨਮਾਜ਼ ਤੇ ਇਬਾਦਤ ਵਿੱਚ ਆਨੰਦ ਨਹੀਂ ਮਾਣਦਾ ਉਸ ਦਾ ਅਰਥ ਇਹ ਨਹੀਂ ਕਿ ਨਮਾਜ਼ ਵਿੱਚ ਆਨੰਦ ਨਹੀਂ ਹੈ ਜਾਂ ਉਸ ਵਿੱਚ ਰੱਬ ਨੇ ਆਨੰਦ ਨਹੀਂ ਰੱਖਿਆ ! ਪਰ ਇਨਸਾਨ ਆਪਣੇ ਸੁਭਾਵ, ਰੋਗ ਤੇ ਵਿਮੁਖਤਾ ਕਾਰਣ ਇਸ ਤੋਂ ਆਨੰਦ ਨਹੀਂ ਉਠਾਉਂਦਾ ।

ਆਨੰਦ ਤੇ ਸਰੂਰ ਦੇ ਵਿਸ਼ੇ ਨੂੰ ਹੋਰ ਵਧੇਰੇ ਵਿਸਥਾਰ ਕਰਦਿਆਂ ਹੋਇਆਂ ਇਕ ਥਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੈਂ ਦੇਖਦਾ ਹਾਂ ਕਿ ਲੋਕ ਨਮਾਜ਼ਾਂ ਵਿੱਚ ਗ਼ਾਫ਼ਲ ਤੇ ਸੁਸਤ ਇਸ ਲਈ ਹੁੰਦੇ ਹਨ ਕਿ ਉਹਨਾਂ ਨੂੰ ਉਸ ਆਨੰਦ ਤੇ ਸਰੂਰ ਬਾਰੇ ਪਤਾ ਨਹੀਂ ਜੋ ਰੱਬ ਨੇ ਨਮਾਜ਼ ਵਿੱਚ ਰੱਖਿਆ ਹੈ । ਸੋ, ਮੈਂ ਇਹ ਆਖਣਾ ਚਾਹੁੰਦਾ ਹਾਂ ਕਿ ਰੱਬ ਤੋਂ ਅਤਿਅੰਤ ਜਨੂਨ ਤੇ ਜੋਸ਼ ਨਾਲ ਦੁਆ ਮੰਗਣੀ ਚਾਹੀਦੀ ਹੈ ਕਿ ਜਿਵੇਂ ਫ਼ਲਾਂ ਅਤੇ ਹੋਰਨਾਂ ਚੀਜਾਂ ਵਾਂਗ ਸੁਆਦ ਪ੍ਰਦਾਨ ਕੀਤੇ ਹਨ ਨਮਾਜ਼ ਤੇ ਇਬਾਦਤ ਵਿੱਚ ਵੀ ਇਕ ਵਾਰ ਮਜ਼ਾ ਰਖਾ ਦੇਵੇ, ਖਾਧਾ ਹੋਇਆ ਚੇਤੇ ਰੀਹੰਦਾ ਹੈ । ਦੇਖੋ ਜੇਕਰ ਕੋਈ ਵਿਅਕਤੀ ਕਿਸੇ ਸੁੰਦਰ ਚੀਜ ਨੂੰ ਇਕ ਸਰੂਰ ਨਾਲ ਦੇਖਦਾ ਹੈ ਤਾਂ ਉਹ ਉਸਨੂੰ ਚੰਗੀ ਤਰ੍ਹਾਂ ਚੇਤੇ ਰਹਿੰਦਾ ਹੈ ਅਤੇ ਫਿਰ ਜੇਕਰ ਕਿਸੇ ਕੁਰੂਪ, ਬਦਸ਼ਕਲ, ਭੈੜੇ ਜਾਂ ਮਕਰੂਹ ਚੀਜ ਨੂੰ ਦੇਖਦਾ ਹੈ ਤਾਂ ਉਸ ਦੀ ਸਾਰੀ ਅਵਸਥਾ ਉਸ ਦੇ ਵਿਸ਼ੇ ਅਨੁਸਾਰ ਸਾਹਮਣੇ ਆ ਜਾਂਦੀ ਹੈ । ਸੁੰਦਰਤਾ ਵੀ ਚੇਤੇ ਰਹਿੰਦੀ ਹੈ ਕਰੂਪਤਾ ਵੀ ਚੇਤੇ ਰਹਿੰਦੀ ਹੈ । ਹਾਂ, ਜੇਕਰ ਕੋਈ ਸੰਬੰਧ ਨ ਹੋਵੇ ਤਾਂ ਕੁਝ ਵੀ ਚੇਤੇ ਨਹੀਂ ਰਹਿੰਦਾ । ਇਸੇ ਪ੍ਰਕਾਰ ਬੇ ਨਮਾਜ਼ੀਆਂ ਅਨੁਸਾਰ ਨਮਾਜ਼ ਇਕ ਤਾਵਾਨ (ਟੈਕਸ) ਹੈ ਕਿ ਐਂਵੇਂ ਹੀ ਸਵੇਰੇ ਉਠ ਕੇ ਸਰਦੀ ਵਿੱਚ ਵੁਜ਼ੂ ਕਰਕੇ ਸੁਪਨਿਆਂ ਦੀ ਨੀਂਦਰ ਛਡੱਕੇ ਕਈ ਪ੍ਰਕਾਰ ਦੀਆਂ ਐਸ਼ਾਂ ਨੂੰ ਛਡੱਕੇ ਨਮਾਜ਼ ਪੜ੍ਹਨੀ ਪੈਂਦੀ ਹੈ । ਅਸਲ ਗੱਲ ਇਹ ਹੈ ਕਿ ਉਸ ਨੂੰ ਘਿਰਣਾ ਹੈ ਉਹ ਉਸ ਨੂੰ ਸਮਝ ਨਹੀਂ ਸਕਦਾ । ਉਸ ਆਨੰਦ ਤੇ ਰਾਹਤ (ਸਕੂਨ) ਤੋਂ ਜੋ ਨਮਾਜ਼ ਵਿੱਚ ਹੈ ਉਸ ਨੂੰ ਪਤਾ ਨਹੀਂ । ਇਕ ਸ਼ਰਾਬੀ ਤੇ ਨਸ਼ੇਬਾਜ਼ ਨੂੰ ਜੱਦ ਸਰੂਰ ਨਹੀਂ ਆਉਂਦਾ ਤਾਂ ਉਹ ਪੈਗ ਤੇ ਪੈਗ ਪੀਂਦਾ ਜਾਂਦਾ ਹੈ ਏਥੋਂ ਤੱਕ ਕਿ ਉਸ ਨੂੰ ਇਕ ਨਸ਼ਾ ਚੜ੍ਹ ਜਾਂਦਾ ਹੈ । ਸੂਝਵਾਨ ਅਤੇ ਗੰਭੀਰ ਮਨੁੱਖ ਇਸ ਤੋਂ ਲਾਭ ਉਠਾ ਸਕਦਾ ਹੈ । ਕਈ ਲੋਕ ਨਮਾਜ਼ਾਂ ਪੜ੍ਹਨ ਦੇ ਬਾਦ ਵੀ ਬਦੀਆਂ ਕਰਦੇ ਹਨ । ਇਸ ਦਾ ਉੱਤਰ ਇਹ ਹੈ, ਫ਼ਰਮਾਇਆ ਇਸ ਦਾ ਉੱਤਰ ਇਹ ਹੈ ਕਿ ਉਹ ਨਮਾਜ਼ਾਂ ਪੜ੍ਹਦੇ ਹਨ ਪਰ ਨ ਰੂਹ (ਆਤਮਾ) ਅਤੇ ਨ ਸਚੱਾਈ ਤੇ ਨੇਕੀ ਨਾਲ । ਉਹ ਕੇਵਲ ਰੀਤੀ ਤੇ ਆਦਤ ਦੇ ਰੂਪ ਵਿੱਚ ਟਕੱਰਾ ਮਾਰਦੇ ਹਨ ਉਹਨਾਂ ਦੀ ਰੂਹ ਮੁਰਦਾ ਹੈ । ਉਹ, ਨਮਾਜ਼ ਬਦੀਆਂ ਨੂੰ ਦੂਰ ਕਰਦੀ ਹੈ ਜੋ ਆਪਣੇ ਅੰਦਰ ਸਚੱਾਈ ਦੀ ਰੂਹ ਰਖੱਦੀ ਹੈ ਅਤੇ ਫ਼ੈਜ਼ ਦਾ ਪ੍ਰਭਾਵ ਉਸ ਵਿੱਚ ਮੌਜੂਦ ਹੈ, ਉਹ ਨਮਾਜ਼ ਨਿਸ਼ਚੇ ਹੀ ਬਦੀਆਂ ਨੂੰ ਦੂਰ ਕਰਦੀ ਹੈ । ਨਮਾਜ਼ ਬੈਠੇ ਤੇ ਖਾਰਜ ਦਾ ਨਾਂ ਨਹੀਂ ਹੈ ਨਮਾਜ਼ ਦਾ ਮਗ਼ਜ਼ (ਬੀਜ) ਤੇ ਰੂਹ ਉਹ ਦੁਆ ਹੈ ਜੋ ਇਕ ਆਨੰਦ ਤੇ ਸਰੂਰ ਆਪਣੇ ਅੰਦਰ ਰਖੱਦਾ ਹੈ ।

ਫਿਰ ਨਮਾਜ਼ ਦੀਆਂ ਵੱਖ ਵੱਖ ਹਾਲਤਾਂ ਦੀ ਹਿਕਮਤ (ਦਾਨਾਈ) ਅਤੇ ਜੋ ਪ੍ਰਭਾਵ ਉਹਨਾਂ ਦਾ ਸਾਡੇ ਉਪੱਰ ਹੋਣ ਚਾਹੀਦਾ ਹੈ ਉਸ ਦਾ ਵਿਸਥਾਰ ਵਰਨਣ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਜੱਦ ਮਨੁੱਖ ਖੜ੍ਹਾ ਹੁੰਦਾ ਹੈ ਅਤੇ 'ਤਹਮੀਦ ਵ ਤਸਬੀਹ' (ਸਿਫ਼ਤ ਸਲਾਹ ਕਰਕੇ ਨਮਾਜ਼ ਅਰੰਭ ਕਰਦਾ ਹੈ, ਅਨੁਵਾਦਕ) ਕਰਦਾ ਹੈ ਉਸ ਦਾ ਨਾਂ 'ਕਯਾਮ' ਰੱਖਿਆ । ਹੁਣ ਹਰ ਇਕ ਵਿਅਕਤੀ ਜਾਣਦਾ ਹੈ ਕਿ ਹਮਦ ਸਨਾ ਠੀਕ ਹਾਲਾਤ ਮੁਤਾਬਕ ਕਯਾਮ ਹੀ ਹੈ । ਦੇਖੋ ਬਾਦਸ਼ਾਹਾਂ ਸਾਹਮਣੇ ਜੱਦ ਗਲੱਾਂ ਸੁਣਾਈਆਂ ਜਾਂਦੀਆਂ ਹਨ ਤਾਂ ਅਖੀਰ ਖੜੇ ਹੋਕੇ ਹੀ ਸੁਣਾਈਆਂ ਜਾਂਦੀਆਂ ਹਨ । ਇਧਰ ਜ਼ਾਹਿਰੀ ਤੌਰ'ਤੇ ਕਯਾਮ ਰੱਖਿਆ ਹੈ ਅਤੇ ਓਧਰ ਜ਼ਬਾਨ ਰਾਹੀਂ ਹਮਦਸਨਾ ਵੀ ਰੱਖੀ ਹੈ । ਅਰਥ ਇਸ ਦਾ ਇਹੋ ਹੈ ਕਿ ਰੂਹਾਨੀ ਤੌਰ'ਤੇ ਵੀ ਰੱਬ ਦੀ ਹਜ਼ੂਰੀ ਵਿੱਚ ਖੜ੍ਹਾ ਹੋਵੇ । ਹਮਦ (ਉਸਤਤੀ) ਇਕ ਗੱਲ ਉਪੱਰ ਕਾਇਮ ਹੋਕੇ ਕੀਤੀ ਜਾਂਦੀ ਹੈ । ਜੋ ਵਿਅਕਤੀ ਸਚੱਾ ਹੋਕੇ ਕਿਸੇ ਦੀ ਉਸਤਤੀ ਕਰਦਾ ਹੈ ਤਾਂ ਉਹ ਇਕ ਰਾਏ ਉਪੱਰ ਕਾਇਮ ਹੋ ਜਾਂਦਾ ਹੈ। 'ਅਲਹਮਦੁਲਿਲੱਲਾਹ' (الحمدللہ) ਕਹਿਣ ਵਾਲੇ ਲਈ ਇਹ ਜ਼ਰੂਰੀ ਹੋਇਆ ਕਿ ਉਹ ਸੱਚੇ ਤੌਰ'ਤੇ 'ਅਲਹਮਦੁਲਿਲੱਾਹ' (الحمدللہ) ਉਸੇ ਸਮੇਂ ਕਹਿ ਸਕਦਾ ਹੈ ਕਿ ਪੂਰਨ ਰੂਪ ਵਿੱਚ ਉਸ ਨੂੰ ਵਿਸ਼ਵਾਸ ਹੋ ਜਾਵੇ ਕਿ ਸਾਰੀਆਂ ਸਿਫ਼ਤਾਂ ਰੱਬ ਲਈ ਹੀ ਹਨ । ਸਾਰਿਆਂ ਪ੍ਰਕਾਰ ਦੀਆਂ ਜੋ ਸਿਫ਼ਤਾਂ ਹਨ ਉਹ ਰੱਬ ਲਈ ਹੀ ਹਨ । ਜੱਦ ਇਹ ਗੱਲ ਮਨ ਵਿੱਚ ਪੂਰੀ ਸ਼ਰਧਾ ਨਾਲ ਪੈਦਾ ਹੋ ਗਈ ਹੋਵੇ ਤਾਂ ਇਹ ਰੂਹਾਨੀ 'ਕਯਾਮ' ਹੈ । ਫਿਰ 'ਰੁਕੂਅ' (ਗੋਡਿਆਂ ਭਾਰ ਝੁਕਣ ਦੀ ਕਿਰਿਆ) ਵਿੱਚ 'ਸੁਬਹਾਨਾ ਰੱਬੀ ਯਲ ਅਜ਼ੀਮ' (سبحان ربی العظیم) ਕਹਿੰਦਾ ਹੈ, ਕਾਇਦੇ ਦੀ ਗੱਲ ਹੈ ਕਿ ਜੱਦ ਕਿਸੇ ਦੀ ਅਜ਼ਮਤ (ਵੱਡਿਆਈ) ਮੰਨ ਲੈਂਦੇ ਹਾਂ ਤਾਂ ਉਸ ਦੀ ਹਜ਼ੂਰੀ ਵਿੱਚ ਝੁਕਦੇ ਹਾਂ ਅਜ਼ਮਤ ਦਾ ਤਕਾਦਾ ਹੈ ਕਿ ਉਸ ਲਈ ਰੁਕੂਅ ਕਰੇ, ਸੋ, 'ਸੁਬਹਾਨਾ ਰੱਬੀ ਯਲ ਅਜ਼ੀਮ' (سبحان ربی العظیم) ਜ਼ੁਬਾਨ ਨਾਲ ਕਿਹਾ ਅਤੇ ਸਿਥਿਤੀ ਵਿੱਚ ਝੁਕਣਾ ਦਿਖਾ ਦਿੱਤਾ ।

ਫਿਰ ਤੀਜਾ ਕਥਨ 'ਸੁਬਹਾਨਾ ਰੱਬੀ ਯਲ ਆਲਾ' (سبحان ربی الاعلیٰ) 'ਉਚੱਤਮ' ਮੁਕਾਮ ਦੀ ਤਰਜੀਹ ਹੈ । ਇਹ ਆਪਣੇ ਆਪ ਵਿੱਚ ਸੁਭਵਕ ਤੌਰ'ਤੇ ਉਸਦੇ ਸਾਹਮਣੇ ਸਜਦਾ ਚਾਹੁੰਦਾ ਹੈ, ਇਸ ਲਈ ਇਸ ਦੇ ਨਾਲ ਵਿਅਕਤੀਗੱਤ ਦਿੱਖ ਸਿੱਜਦੇ ਵਿੱਚ ਡਿਗੱਣਾ ਹੈ, ਇਸ ਇਕਰਾਰ ਅਨੁਸਾਰ ਝੱਟ ਉਹ ਸੂਰਤ ਧਾਰਣ ਕਰ ਲਈ ਅਰਥਾਤ ਜੱਦ ਰੱਬ ਦੀ ਪਵਿੱਤਰਤਾ ਅਤੇ ਉਸਦਾ ਉਚੱਤਮ ਹੋਣਾ ਅਤੇ ਉਸ ਦੀ ਸਾਰਿਆਂ ਉਪੱਰ ਫ਼ਜ਼ੀਲਤ (ਵੱਡਿਆਈ) ਦਾ ਮਨੋ ਇਕਰਾਰ ਕੀਤਾ ਤਾਂ ਨਾਲ ਹੀ ਸਜੱਦੇ ਵਿੱਚ ਡਿੱਗ ਗਿਆ । ਤੀਜੀ ਚੀਜ ਹੋਰ ਹੈ ਉਹ ਜੇਕਰ ਸ਼ਮਾਲ ਨਾ ਹੋਵੇ ਤਾਂ ਨਮਾਜ਼ ਨਹੀਂ ਹੁੰਦੀ । ਉਹ ਕੀ ਹੈ ਉਹ ਦਿਲ ਹੈ ਇਸ ਲਈ ਜ਼ਰੂਰੀ ਹੈ ਕਿ ਦਿਲ ਦਾ 'ਕਯਾਮ' (ਖੜ੍ਹੇ) ਹੋਵੇ ਅਤੇ ਰੱਬ ਵੀ ਦੇਖੇ ਕਿ ਵਾਸਤਵ ਵਿੱਚ ਉਹ ਹਮਦ (ਉਸਤਤੀ) ਵੀ ਕਰਦਾ ਹੈ ਅਤੇ ਖੜ੍ਹਾ ਵੀ ਹੈ ਅਤੇ ਰੂਹ (ਆਤਮਾ) ਵੀ ਖੜ੍ਹੀ ਹੋਈ ਹਮਦ ਕਰਦੀ ਹੈ ਸ਼ਰੀਰ ਹੀ ਹਨੀਂ ਸਗੋਂ ਰੂਹ ਵੀ ਖੜ੍ਹੀ ਹੈ । ਅਤੇ ਜੱਦ 'ਸੁਬਹਾਨਾ ਰੱਬੀ ਯਲ ਅਜ਼ੀਮ' (سبحان ربی العظیم) ਕਹਿੰਦਾ ਹੈ ਤਾਂ ਦੇਖੋ ਕਿ ਕੇਵਲ ਐਨ੍ਹਾਂ ਹੀ ਨਹੀਂ ਕਿ ਅਜ਼ਮਤ ਦਾ ਇਕਰਾਰ ਕੀਤਾ ਸਗੋਂ ਨਾਲ ਹੀ ਝੁਕਿਆ ਵੀ ਹੈ ਅਤੇ ਇਸ ਦੇ ਨਾਲ ਹੀ ਆਤਮਾ ਵੀ ਝੁਕ ਗਈ ਹੈ । ਫਿਰ ਤੀਜੀ ਨਜ਼ਰ ਵਿੱਚ ਰੱਬ ਦੀ ਹਜ਼ੂਰੀ ਵਿੱਚ ਸਜੱਦੇ ਵਿੱਚ ਡਿੱਗਿਆ ਹੈ ਉਸ ਦੀ ਸਰਬਉੱਚ ਮਹਾਨਤਾ ਨੂੰ ਚੇਤੇ ਕਰਕੇ ਉਸ ਦੇ ਨਾਲ ਹੀ ਦੇਖੋ ਕਿ ਆਤਮਾ ਵੀ ਰੱਬ ਦੀ ਹਜ਼ੂਰੀ ਵਿੱਚ ਡਿੱਗੀ ਹੋਈ ਹੈ । ਭਾਵ ਇਹ ਅਵਸਥਾ ਜੱਦ ਤੱਕ ਪੈਦਾ ਨ ਹੋਵੇ ਉਸ ਸਮੇਂ ਤੱਕ ਸੰਤੁਸ਼ਟ ਨ ਹੋਵੇ ਕਿਉਕਿ 'ਯੁਕੀਮੁਨਸੱਲਾਤਾ' (یقیمون الصلوٰۃ) ਦੇ ਇਹੋ ਅਰਥ ਹਨ । ਜੇਕਰ ਇਹ ਪ੍ਰਸ਼ਨ ਹੋਵੇ ਇਹ ਹਾਲਤ ਕਿਵੇਂ ਪੈਦਾ ਹੋਵੇ ਤਾਂ ਇਸ ਦਾ ਉਤੱਰ ਐਨ੍ਹਾ ਹੀ ਹੈ ਕਿ ਨਮਾਜ਼ ਵਿੱਚ ਸਹੀ ਸੇਧ ਧਾਰਣ ਕੀਤੀ ਜਾਵੇ ਅਤੇ ਵਸਵਸਿਆ ਤੇ ਸ਼ੰਕਾਵਾਂ ਤੋਂ ਚਿੰਤਿਤ ਨ ਹੋਵੇ । ਅਰੰਭਕ ਅਵਸਥਾ ਵਿੱਚ ਭਰਮਾ ਤੇ ਸ਼ੰਕਾਵਾਂ ਨਾਲ ਇਕ ਜੁੱਧ ਜ਼ਰੂਰ ਹੁੰਦਾ ਹੈ ਇਸ ਦਾ ਇਲਾਜ

ਇਹੋ ਹੈ ਕਿ ਨ ਥਕੱਣ ਵਾਲੇ ਪੱਕੇ ਹੌਂਸਲੇ ਤੇ ਸਬਰ ਨਾਲ ਲੱਗਾ ਰਹੇ ਅਤੇ ਰੱਬ ਤੋਂ ਦੁਆਵਾਂ ਮੰਗਦਾ ਰਹੇ ਅਖੀਰ ਉਹ ਹਾਲਤ ਪੈਦਾ ਹੋ ਜਾਂਦੀ ਹੈ ਜਿਸ ਦਾ ਮੈਂ ਹੁਣੇ ਹੀ ਵਰਨਣ ਕੀਤਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਕਸਾਰਤਾ ਸ਼ਰਤ ਹੈ । ਜੇਕਰ ਮਨੁੱਖ ਵਿੱਚ ਪੈਦਾ ਹੋ ਜਾਵੇ ਤਾਂ ਫਿਰ ਰੱਬ ਦੌੜਕੇ ਆਪਣੇ ਬੰਦੇ ਵੱਲ ਆਉਂਦਾ ਹੈ । ਫਿਰ ਰੱਬ ਦੀਆਂ ਮਿਹਰਾਂ ਵੀ ਉਤਰਦੀਆਂ ਹਨ ਪਰ ਇਸ ਹਕੀਕਤ ਨੂੰ ਬਹੁਤ ਸਾਰੇ ਲੋਕ ਸਮਝਦੇ ਨਹੀਂ ਕਾਹਲ਼ੀ ਵਿੱਚ ਰੱਬ ਦੇ ਦਰ ਨੂੰ ਛੱਡ ਦਿੰਦੇ ਹਨ ਜਾਂ ਉਸ ਦੀ ਮਹਤੱਤਾ ਨੂੰ ਨਹੀਂ ਸਮਝਦੇ, ਘੱਟ ਮਹਤੱਤਾ ਸਮਝਦੇ ਹਨ ਅਤੇ ਫਿਰ ਦੁਨੀਆ ਦੇ ਅਦਾਰਿਆਂ ਵੱਲ ਦੌੜ ਲਗਾ ਦਿੰਦੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਹ ਗੱਲ ਚੇਤੇ ਰਖੱਣ ਯੋਗ ਹੈ ਕਿ ਇਹ ਨਮਾਜ਼ ਜੋ ਆਪਣੇ ਅਸਲੀ ਅਰਥਾਂ ਵਿੱਚ ਨਮਾਜ਼ ਹੈ ਦੁਆ ਰਾਹੀਂ ਪ੍ਰਾਪਤ ਹੁੰਦੀ ਹੈ । ਗ਼ੈਰੁਲੱਾਹ (ਰੱਬ ਤੋਂ ਬਿਨਾ ਹੋਰਨਾ ਕੋਲੋਂ) ਸਵਾਲ ਕਰਨਾ ਮੋਮਿਨਾਂ ਦੀ ਗ਼ੈਰਤ ਦੇ ਉਕੱਾ ਹੀ ਵਿਪਰੀਤ ਹੈ ਕਿਉਂਕਿ ਇਹ ਦੁਆ ਦਾ ਮਰਤਬਾ ਰੱਬ ਲਈ ਹੀ ਹੈ । ਆਮ ਤੌਰ'ਤੇ ਇਕ ਦੂਜੇ ਨਾਲ ਵਾਸਤਾ ਪੈਂਦਾ ਰਹਿੰਦਾ ਹੈ ਸਵਾਲ ਹੁੰਦੇ ਹਨ ਪਰ ਅਜਿਹੇ ਸਵਾਲ ਜਿੰਨ੍ਹਾ ਦਾ ਸੰਬੰਧ ਕੇਵਲ ਰੱਬ ਨਾਲ ਹੈ ਰੱਬ ਨੂੰ ਛਡੱਕੇ ਕਿਸੇ ਹੋਰ ਉਪੱਰ ਆਸ ਰਖੱਣੀ ਕਿਸੇ ਹੋਰ ਉਪੱਰ ਨਿਰਭਰ ਕਰਨਾ ਇਹ ਗ਼ਲਤ ਚੀਜ ਹੈ । ਫ਼ਰਮਾਇਆ ਕਿ ਜੱਦ ਤੱਕ ਮਨੁੱਖ ਪੂਰੇ ਤੌਰ'ਤੇ ਸੂਖਮ ਹੋਕੇ ਰੱਬ ਤੋਂ ਹੀ ਪ੍ਰਸ਼ਨ ਨ ਕਰੇ ਅਤੇ ਉਸੇ ਤੋਂ ਹੀ ਨ ਮੰਗੇ ਤਾਂ ਸੱਚ ਜਾਣੋ ਕਿ ਵਾਸਤਵਿਕ ਤੌਰ'ਤੇ ਉਹ ਮੁਸਲਮਾਨ ਤੇ ਸਚੱਾ ਮੋਮਿਨ ਅਖਵਾਉਣ ਦਾ ਅਧਿਕਾਰੀ ਨਹੀਂ । ਇਸਲਾਮ ਦੀ ਹਕੀਕੀਤ ਹੀ ਇਹ ਹੈ ਕਿ ਉਸ ਦੀਆਂ ਸਾਰੀਆਂ ਸ਼ਕਤੀਆਂ ਆਂਤਰਕ ਹੋਣ ਜਾਂ ਬਾਹਰੀ ਸਾਰੀਆਂ ਦੀ ਸਾਰੀਆਂ ਰੱਬ ਦੇ ਦਰ 'ਤੇ ਡਿੱਗੀਆਂ ਹੋਈਆਂ ਹੋਣ । ਜੋ ਮਨੁੱਖ ਰੱਬ ਤੋਂ ਬਿਨਾ ਗ਼ੈਰੁਲੱਾਹ (ਹੋਰਨਾ) ਤੋਂ ਸਵਾਲ ਕਰਦਾ ਹੈ ਉਹ ਚੇਤੇ ਰੱਖੇ ਕਿ ਉਹ ਬਹੁਤ ਬਦਕਿਸਮਤ ਤੇ ਵਾਂਜਿਆ ਹੋਇਆ ਹੈ । ਸੋ, ਇਹ ਬਹੁਤ ਖ਼ਤਰਨਾਕ ਅਤੇ ਦਿਲ ਨੂੰ ਕੰਬਾਉਣ ਵਾਲੀ ਗੱਲ ਹੈ ਕਿ ਇਨਸਾਨ ਰੱਬ ਨੂੰ ਛਡੱਕੇ ਦੂਜਿਆਂ ਤੋਂ ਸਵਾਲ ਕਰੇ ਇਸੇ ਲਈ ਨਮਾਜ਼ ਦਾ ਪ੍ਰਬੰਧ ਅਤੇ ਪਾਬੰਦੀ ਬਹੁਤ ਜ਼ਰੂਰੀ ਰੀਜ਼ ਹੈ ਤਾਂ ਜੋ ਸਭ ਤੋਂ ਪਹਿਲਾਂ ਉਹ ਇਕ ਪੱਕੀ ਆਦਤ ਵਾਂਗ ਕਾਇਮ ਹੋਵੇ ਅਤੇ ਰੱਬ ਵੱਲ ਪਰਤਨ ਦਾ ਵਿਚਾਰ ਹੋਵੇ ਫਿਰ ਹੌਲ਼ੀ ਹੌਲ਼ੀ ਉਹ ਸਮਾਂ ਆਪ ਆ ਜਾਂਦਾ ਹੈ ਜੱਦ ਮਨੁੱਖ ਪੂਰਨ ਇਕਾਰਗਰਤਾ ਦੀ ਅਵਸਥਾ ਵਿੱਚ ਨੂਰ ਅਤੇ ਇਕ ਆਨੰਦ ਦਾ ਵਾਰਸ ਹੋ ਜਾਂਦਾ ਹੈ । ਮੈਂ ਇਸ ਗੱਲ ਨੂੰ ਫਿਰ ਤਾਕੀਦ ਨਾਲ ਕਹਿੰਦਾ ਹਾਂ, ਦੁੱਖ ਹੈ ਕਿ ਮੈਂਨੂੰ ਉਹ ਸ਼ਬਦ ਨਹੀਂ ਮਿਲੇ ਜਿੰਨ੍ਹਾ ਵਿੱਚ ਗ਼ੈਰੁਲੱਾਹ ਵੱਲ ਪਰਤਨ ਦੀਆਂ ਬੁਰਾਈ ਵਰਨਣ ਕਰ ਸਕਾਂ । ਲੋਕਾਂ ਕੋਲ ਜਾਕੇ ਮਿੰਨਤਾਂ ਤੇ ਖ਼ੁਸ਼ਮਦਾਂ ਕਰਦੇ ਹਨ, ਇਹ ਗੱਲ ਰੱਬ ਦੀ ਗ਼ੈਰਤ ਨੂੰ ਜੋਸ਼ ਵਿੱਚ ਲਿਆਉਂਦੀ ਹੈ । ਮੈਂ ਮੋਟੇ ਸ਼ਬਦਾਂ ਵਿੱਚ ਇਸ ਨੂੰ ਵਰਨਣ ਕਰਦਾ ਹਾਂ, ਭਾਵੇਂ ਇਹ ਗੱਲ ਇਸ ਪ੍ਰਕਾਰ ਨਹੀਂ ਹੈ ਪਰ ਸਮਝ ਵਿੱਚ ਚੰਗੀ ਤਰ੍ਹਾਂ ਆ ਸਕਦੀ ਹੈ । ਜਿਵੇਂ ਇਕ ਗ਼ੈਰਤ ਰਖੱਣ ਵਾਲੇ ਪੁਰੁਸ਼ ਦੀ ਗ਼ੈਰਤ ਤਕਾਦਾ ਨਹੀਂ ਕਰਦੀ ਕਿ ਉਹ ਆਪਣੀ ਪਤਨੀ ਨੂੰ ਕਿਸੇ ਗ਼ੈਰ ਨਾਲ ਸੰਬੰਧ ਬਣਾਉਂਦਿਆਂ ਹੋਇਆਂ ਦੇਖ ਸਕੇ ਅਤੇ ਜਿਵੇਂ ਅਜਿਹੀ ਹਾਲਤ ਵਿੱਚ ਇਹ ਵੀ ਅਵਸਥਾ ਹੋ ਜਾਂਦੀ ਹੈ ਕਿ ਉਸ ਵਿਭਚਾਰਣ ਨੂੰ ਕਤਲ ਯੋਗ ਸਮਝਦਾ ਹੈ । ਸੋ, ਭਗਤੀ ਤੇ ਦੁਆ ਵਿਸ਼ੇਸ਼ਤਾ ਇਸੇ ਪ੍ਰਕਾਰ ਦੇ ਮੱਦੇਮੁਕਾਬਲ (ਪ੍ਰਤੀਯੋਗੀ) ਹਨ । ਉਹ ਪਸੰਦ ਨਹੀਂ ਕਰਦਾ ਕਿ ਕਿਸੇ ਹੋਰ ਨੂੰ ਮਾਬੂਦ (ਪੂਜਕ) ਕਰਾਰ ਦਿੱਤਾ ਜਾਵੇ ਜਾਂ ਪੁਕਾਰਿਆ ਜਾਵੇ । ਸੋ, ਚੰਗੀ ਤਰ੍ਹਾਂ ਚੇਤੇ ਰੱਖੋਂ ਅਤੇ ਫਿਰ ਚੇਤੇ ਰੱਖੋ ਕਿ ਗ਼ੈਰੁਲੱਾਹ ਵੱਲ ਝੁਕੱਣਾ ਰੱਬ ਤੋਂ ਕਟੱਣਾ ਹੈ । ਕਈ ਲੋਕਾਂ ਦਾ ਵਿਚਾਰ ਹੈ ਕਿ ਰੱਬ ਦੀ ਹਜ਼ੂਰੀ ਵਿੱਚ ਰੋਣ ਧੋਣ ਨਾਲ ਕੁਝ ਨਹੀਂ ਮਿਲਦਾ, ਸਗੋਂ ਇਹ ਗੱਲ ਗਲਤ ਤੇ ਝੂਠ ਹੈ । ਅਜਿਹੇ ਲੋਕ ਰੱਬ ਦੀ ਹਸਤੀ (ਵੁਜੂਦ) ਅਤੇ ਉਸ ਦੇ ਕੁਦਰਤੀ ਗੁਣਾ ਤੇ ਕਬਜੇ'ਤੇ ਈਮਾਨ ਨਹੀਂ ਰਖੱਦੇ । ਜੇਕਰ ਉਹਨਾਂ ਵਿੱਚ ਹਕੀਕੀ ਈਮਾਨ ਹੁੰਦਾ ਤਾਂ ਉਹ ਅਜਿਹਾ ਕਹਿਣ ਦੀ ਜੁਰੱਤ ਨ ਕਰਦੇ । ਜੱਦ ਕਦੇ ਕੋਈ ਮਨੁੱਖ ਰੱਬ ਦੀ ਹਜ਼ੂਰੀ ਵਿੱਚ ਆਇਆ ਅਤੇ ਉਸ ਨੇ ਸੱਚੀ ਤੋਬਾ ਨਾਲ ਧਿਆਨ ਕੀਤਾ ਹੈ ਰੱਬ ਨੇ ਹਮੇਸ਼ਾ ਹੀ ਉਸ'ਤੇ ਆਪਣੀ ਮਿਹਰ ਕੀਤੀ ਹੈ ।

ਰੱਬ ਤਾਂ ਇਹ ਚਾਹੁੰਦਾ ਹੈ ਕਿ ਤੁਸੀਂ ਉਸ ਦੀ ਹਜ਼ੂਰੀ ਵਿੱਚ ਪਾਕ ਦਿਲ ਨਾਲ ਆਓ ਸ਼ਰਤ ਕੇਵਲ ਐਨ੍ਹੀ ਹੈ ਕਿ ਉਸ ਦੀ ਵਿਵਸਥਾ ਅਨੁਸਾਰ ਆਪਣੇ ਆਪ ਨੂ ਬਣਾਓ ਇਹ ਬਹੁਤ ਵੱਡੀ ਗੱਲ ਹੈ । ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਰੱਬ ਵਿੱਚ ਅਦਭੁਤ ਤੋਂ ਅਦਭੁਤ ਕੁਦਰਤਾਂ ਹਨ ਅਤੇ ਉਸ ਵਿੱਚ ਅਤਿਅੰਤ ਮਿਹਰਾਂ ਤੇ ਬਰਕਤਾਂ ਹਨ ਪਰ ਉਹਨਾਂ ਨੂੰ ਦੇਖਣ ਤੇ ਪਾਉਣ ਲਈ ਸੱਚੇ ਪ੍ਰੇਮ ਦੀ ਅੱਖ ਪੈਦਾ ਕਰੋ । ਜੇਕਰ ਸਚਾੱ ਪ੍ਰੇਮ ਹੋਵੇ ਤਾਂ ਰੱਬ ਬਹੁਤ ਦੁਆਵਾਂ ਸੁਣਦਾ ਹੈ ਅਤੇ ਪੱਖ ਪੂਰਦਾ ਹੈ। ਸੋ, ਆਪਣੀ ਹਾਲਤ ਅਜਿਹੀ ਬਨਾਉਣ ਦੀ ਲੋੜ ਹੈ ਕਿ ਰੱਬ ਸਾਡੀਆਂ ਸੁਣੇ । ਜੋ ਇਤਰਾਜ਼ ਕਰਦੇ ਹਨ ਕਿ ਰੱਬ ਸੁਣਦਾ ਨਹੀਂ ਉਹਨਾਂ ਵਿੱਚ ਅਧਿਕਤਰ ਤਾਂ ਪੰਜ ਵੇਲੇ ਦੀਆਂ ਨਮਾਜ਼ਾਂ ਵੀ ਪੂਰੀਆਂ ਨਹੀਂ ਪੜ੍ਹਦੇ । ਕੇਵਲ ਨਮਾਜ਼ ਦਾ ਵਿਚਾਰ ਉਸ ਸਮੇਂ ਆਉਂਦਾ ਹੈ ਜੱਦ ਕੋਈ ਸੰਸਾਰਕ ਮੁਸ਼ਕਲ ਹੁੰਦੀ ਹੈ । ਰੱਬ ਫ਼ਰਮਾਉਂਦਾ ਹੈ ਕਿ ਮੈਂ ਅਵਸ਼ ਸੁਣਾਗਾ ਪਰ ਤੁਸੀਂ ਮੇਰੇ ਹੁਕਮਾਂ ਉਪੱਰ ਚੱਲੋ ਅਤੇ ਹਰ ਇਕ ਆਪਣਾ ਜਾਇਜ਼ਾ ਲੈ ਲਏ ਕਿ ਕੀ ਉਹ ਰੱਬ ਦੇ ਹੁਕਮਾ ਆਦੇਸ਼ਾਂ ਉਪੱਰ ਅਮਲ ਕਰਦਾ ਹੈ । ਜੇਕਰ ਰੱਬ ਤੋਂ ਸ਼ਿਕਾਇਤ ਹੈ ਤਾਂ ਪਹਿਲਾਂ ਉਸ ਦੀ ਗੱਲ ਦਾ ਉਤੱਰ ਦੇਵੇ ਕਿ ਕਿੰਨ੍ਹੇ ਹਨ ਜੋ ਕੁਰਆਨ ਕਰੀਮ ਦੇ ਸੱਤ ਸੌ ਹੁਕਮਾਂ ਉਪੱਰ ਅਮਲ ਕਰਦੇ ਹਨ । ਇਹ ਤਾਂ ਰੱਬ ਦਾ ਉਪਕਾਰ ਹੈ ਕਿ ਉਸਨੇ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਆਪਣੇ ਬੰਦਿਆਂ ਉਪੱਰ ਰਹਿਮ ਕਰਦਿਆਂ ਹੋਇਆਂ ਬਹੁਤ ਸਾਰੀਆਂ ਗੱਲਾਂ ਨੂੰ ਅੱਖੋਂ ਓਹਲੇ ਕਰਦਾ ਹੈ । ਉਹਨਾਂ ਦੀਆਂ ਕੁਝ ਦੁਆਵਾਂ ਨੂੰ ਸੁਣ ਵੀ ਲੈਂਦਾ ਹੈ । ਕਈ ਲੋਕ ਹਨ ਜੋ ਸ਼ਾਇਦ ਨਮਾਜ਼ਾਂ ਬਕਾਇਦਾ ਨਹੀਂ ਵੀ ਪੜ੍ਹਦੇ ਪਰ ਉਹਨਾਂ ਦੀਆਂ ਦੁਆਵਾਂ ਸੁਣੀਆਂ ਗਈਆਂ, ਇਹ ਤਾਂ ਰੱਬ ਦਾ ਉਪਕਾਰ ਹੈ ਸਗੋਂ ਰੱਬ ਤਾਂ ਦੁਆਵਾਂ ਤੋਂ ਬਿਨਾ ਹੀ ਆਪਣੀਆਂ ਦੂਜੀਆਂ ਸਿਫ਼ਤਾਂ ਹੇਠ ਉਹਨਾਂ ਦੀਆਂ ਲੋੜਾਂ ਪੂਰੀਆਂ ਕਰ ਦਿੰਦਾ ਹੈ। ਸੋ, ਸ਼ਿਕਾਇਤ ਕਰਨ ਦਾ ਤਾਂ ਕੋਈ ਕਾਰਣ ਹੀ ਨਹੀਂ ਹੈ । ਇਸ ਲਈ ਸਾਨੂੰ ਚਾਹੀਦਾ ਹੈ ਕਿ ਰੱਬ ਦੇ ਹੁਕਮਾਂ ਉਪੱਰ ਚਲੱਣ ਦਾ ਜਤਨ ਕਰੀਏ ਅਤੇ ਉਸ ਅਨੁਸਾਰ ਆਪਣੀਆਂ ਇਬਾਦਤਾਂ ਅਤੇ ਨਮਾਜ਼ਾਂ ਅਤੇ ਹੋਰਨਾਂ ਦੂਜੇ ਕਰਤਵਾਂ ਨੂੰ ਪੂਰਾ ਕਰਨ ਦਾ ਜਤਨ ਕਰਨਾ ਚਾਹੀਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਜੱਦ ਤੱਕ ਮਨੁੱਖ ਕਾਮਲ ਤੌਰ'ਤੇ ਤੌਹੀਦ (ਇਕ ਈਸ਼ਵਰ ਵਾਦ) ਉਪੱਰ ਕਾਇਮ ਤੇ ਕਾਰਬੰਦ ਨਹੀਂ ਹੁੰਦਾ ਉਸ ਵਿੱਚ ਇਸਲਾਮ ਦਾ ਪ੍ਰੇਮ ਤੇ ਅਜ਼ਮਤ ਕਾਇਮ ਨਹੀਂ ਹੁੰਦੀ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਅਲੱਾਹ ਤਆਲਾ ਸਾਨੂੰ ਇਹ ਸੰਜੋਗ ਪ੍ਰਦਾਨ ਕਰੇ ਕਿ ਅਸੀਂ ਆਪਣੀਆਂ ਨਮਾਜ਼ਾਂ ਦੀ ਇਸ ਪ੍ਰਕਾਰ ਸੁਰੱਖਿਆ ਕਰਨ ਵਾਲੇ ਹੋਈਏ ਕਿ ਸਾਡੀ ਰੂਹ (ਆਤਮਾ) ਅਤੇ ਸਾਡੇ ਜਜ਼ਬੇ ਨਮਾਜ਼ ਦਾ ਹੱਕ ਪੂਰਾ ਕਰਨ ਵਾਲੇ ਬਣ ਜਾਣ ।

**Khulasa Khutba 15.04.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131